Community Health Advocate Project

CHA

## ਮਰੀਜ਼ ਦੇ ਹੱਕ

ਬਹੁਤ ਸਾਰੀਆਂ ਔਰਤਾਂ ਨੂੰ ਇਹ ਨਹੀਂ ਪਤਾ ਕਿ ਹੈਲਥ ਕੇਅਰ ਸਿਸਟਮ ਵਿਚ ਉਨ੍ਹਾਂ ਦੇ ਵੀ ਹੱਕ ਹਨ।

ਮਰੀਜ਼ ਵਜੋਂ ਤੁਹਾਡੇ ਕੋਲ ਕਾਨੂੰਨੀ ਹੱਕ ਹਨ ਜੋ ਕਿ ਕੈਨੇਡਾ ਦੇ ਕਾਨੂੰਨਾਂ ਅਤੇ ਅਦਾਲਤਾਂ ਦੇ ਫੈਸਲਿਆਂ ਤੇ ਅਧਾਰਿਤ ਹਨ।

## ਮਰੀਜ਼ ਵਜੋਂ<br>ਤੁਹਾਨੂੰ ਹੱਕ ਹੈ:

- ਤੁਹਾਨੂੰ ਆਪਣੀ ਅਪੌਇੰਟਮੈਂਟ ਅਤੇ ਜਾਂਚ ਦੌਰਾਨ ਕੋਈ ਸਹੇਲੀ ਜਾਂ ਪਰਿਵਾਰ ਦਾ ਮੈਂਬਰ ਆਪਣੇ ਨਾਲ ਲਿਆਉਣ ਦਾ ਹੱਕ ਹੈ
- ਤੁਹਾਨੂੰ ਹੱਕ ਹੈ ਕਿ ਤੁਹਾਡੇ ਨਾਲ ਆਦਰ ਅਤੇ ਮਾਣ ਵਾਲਾ ਵਰਤਾਉ ਹੋਵੇ
- ਤੁਹਾਨੂੰ ਆਪਣੀ ਸਿਹਤ ਅਤੇ ਬੀਮਾਰੀ ਬਾਰੇ ਸਵਾਲ ਪੁੱਛਣ ਦਾ ਹੱਕ ਹੈ
- ਤੁਹਾਨੂੰ ਆਪਣੀ ਬੀਮਾਰੀ ਬਾਰੇ ਇਸ ਤਰ੍ਹਾਂ ਜਾਨਣ ਦਾ ਹੱਕ ਹੈ ਜਿਸ ਨੂੰ ਤੁਸੀਂ ਸਮਝ ਸਕੋ
- ਤੁਹਾਨੂੰ ਆਪਣੇ ਇਲਾਜ ਕਰਨ ਵਾਲੇ ਨਾਲ ਅਸਹਿਮਤ ਹੋਣ ਦਾ ਹੱਕ ਹੈ
- ਤੁਹਾਨੂੰ ਦੂਜੀ ਰਾਇ ਲੈਣ ਦਾ ਹੱਕ ਹੈ
- ਤੁਹਾਨੂੰ ਨਾਂਹ ਕਹਿਣ ਦਾ ਜਾਂ ਇਲਾਜ ਕਰਵਾਉਣ ਤੋਂ ਨਾਂਹ ਕਰਨ ਦਾ ਹੱਕ ਹੈ
- ਤੁਹਾਨੂੰ ਆਪਣੇ ਡਾਕਟਰੀ ਰਿਕਾਰਡ ਨੂੰ ਦੇਖਣ ਅਤੇ ਇਸ ਨੂੰ ਪੜ੍ਹਣ ਦਾ ਹੱਕ ਹੈ
- ਤੁਹਾਨੂੰ ਭੇਤਦਾਰੀ ਅਤੇ ਪ੍ਰਾਈਵੇਸੀ ਦਾ ਹੱਕ ਹੈ
- ਤੁਹਾਨੂੰ ਆਪਣੀ ਸਿਹਤ ਦੇ ਭਵਿੱਖ ਬਾਰੇ ਫੈਸਲਾ ਕਰਨ ਦਾ ਹੱਕ ਹੈ

### *ਸੀ ਐੱਚ ਏ ਲੋਕਾਂ ਤੱਕ ਪਹੁੰਚ ਕਰਨ ਵਾਲਾ ਇਕ ਪ੍ਰੋਜੈਕਟ ਹੈ ਜਿਹੜਾ ਕਿ ਔਰਤਾਂ ਨੂੰ ਹੈਲਥ ਕੇਅਰ ਸਿਸਟਮ ਵਿਚ ਆਪਣੇ ਹੱਕਾਂ ਬਾਰੇ ਜਾਣਕਾਰੀ ਦਿੰਦਾ ਹੈ।*

### *ਸੀ ਐੱਚ ਏ ਦੇ ਟੀਚੇ:*

- ਸਿਹਤ ਜਾਣਕਾਰੀ ਦੇਣਾ, ਮਰੀਜ਼ਾਂ ਦੇ ਹੱਕਾਂ ਬਾਰੇ ਜਾਣਕਾਰੀ ਦੇਣਾ ਅਤੇ ਔਰਤਾਂ ਦੀ ਮਦਦ ਕਰਨਾ
- ਉਨ੍ਹਾਂ ਮੁੱਖ ਮਸਲਿਆਂ ਅਤੇ ਸਮੱਸਿਆਵਾਂ ਦੀ ਪਛਾਣ ਕਰਨਾ ਜਿਨ੍ਹਾਂ ਦਾ ਹੈਲਥ ਕੇਅਰ ਸਿਸਟਮ ਵਿਚ ਔਰਤਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ
- ਆਪਣੀ ਸਿਹਤ ਬਾਰੇ ਮਾਹਰ ਬਣਨ ਅਤੇ ਫੈਸਲੇ ਕਰਨ ਵਾਲੇ ਬਣਨ ਵਿਚ ਔਰਤਾਂ ਦੀ ਮਦਦ ਕਰਨਾ

### *ਅਸੀਂ ਇਹ ਟੀਚਾ ਕਿਵੇਂ ਪ੍ਰਾਪਤ ਕਰਦੇ ਹਾਂ?*

ਕਮਿਊਨਟੀਆਂ ਵਿਚ ਜਾ ਕੇ ਅਤੇ ਮਰੀਜ਼ਾਂ ਦੇ ਹੱਕਾਂ ਬਾਰੇ ਵਰਕਸ਼ਾਪਾਂ ਰਾਹੀਂ ਔਰਤਾਂ ਨਾਲ ਜਾਣਕਾਰੀ ਸਾਂਝੀ ਕਰਕੇ ਅਸੀਂ ਇਹ ਟੀਚਾ ਪੂਰਾ ਕਰਦੇ ਹਾਂ।

ਮਰੀਜ਼ਾਂ ਦੇ ਹੱਕਾਂ ਬਾਰੇ ਵਰਕਸ਼ਾਪ, ਔਰਤਾਂ ਨੂੰ ਆਪਣੇ ਹੱਕਾਂ ਬਾਰੇ ਗਿਆਨ ਹਾਸਲ ਕਰਨ, ਇਹ ਜਾਨਣ ਕਿ ਸਤਿਕਾਰ ਵਾਲੀ ਸੰਭਾਲ ਕੀ ਹੈ ਅਤੇ ਆਪਣੀ ਮਦਦ ਆਪ ਕਰਨ ਲਈ ਹੁਨਰ ਸਿਖਣ ਦੇ ਯੋਗ ਬਣਾਉਂਦੀ ਹੈ।

### *ਔਰਤਾਂ ਲਈ ਸੁਰੱਖਿਅਤ, ਸਤਿਕਾਰ ਵਾਲੀ ਅਤੇ ਢੁਕਵੀਂ ਸਿਹਤ ਸੰਭਾਲ ਲਈ ਔਰਤਾਂ ਆਵਾਜ਼ ਉਠਾ ਰਹੀਆਂ ਹਨ।*

ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ ਸੀ ਐੱਚ ਏ ਦੇ ਕੋਆਰਡੀਨੇਟਰ ਨੂੰ (604) 736-4234 ਤੇ ਫੋਨ ਕਰੋ।

ਸੀ ਐੱਚ ਏ ਨੂੰ ਮਾਇਕ ਸਹਾਇਤਾ ਵੈਨਕੂਵਰ/ਰਿਚਮੰਡ ਹੈਲਥ ਬੋਰਡ ਤੋਂ ਮਿਲਦੀ ਹੈ।